# ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਉਤੇ ਪਿਆ ਚੋਣਾਂ ਦਾ ਪਰਛਾਵਾਂ

**ਚੰਡੀਗੜ੍ਹ:** ਆਗਾਮੀ ਚੋਣਾਂ ਦਾ ਪਰਛਾਵਾਂ ਪੰਜਾਬ ਵਿਧਾਨ ਸਭਾ ਦੇ ਦੋ ਦਿਨਾਂ ਵਿਸ਼ੇਸ਼ ਇਜਲਾਸ ਦੌਰਾਨ ਦੇਖਣ ਨੂੰ ਮਿਲਿਆ। ਹਾਕਮ ਧਿਰ ਤਰਫੋਂ ਸਸਤੀ ਬਿਜਲੀ, ਸਸਤਾ ਤੇਲ ਅਤੇ ਬਿਜਲੀ ਬਿੱਲਾਂ ਦੇ ਮੁਆਫ ਕੀਤੇ ਬਕਾਇਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ। ਸਿੱਖਿਆ, ਸਿਹਤ ਅਤੇ ਸਮਾਜ ਭਲਾਈ ਸਕੀਮਾਂ ਵੀ ਸਦਨ ਵਿਚ ਥਾਂ ਲੈਣ ਤੋਂ ਖੁੰਝ ਗਈਆਂ।

ਹਾਕਮ ਧਿਰ ਨੇ ਵਿਰੋਧੀ ਧਿਰਾਂ ਵੱਲੋਂ ਉਠਾਏ ਗਏ ਮੁੱਦਿਆਂ ਤੋਂ ਦੂਰੀ ਬਣਾਈ ਰੱਖੀ। ਮੁੱਖ ਮੰਤਰੀ ਚਰਨਜੀਤ ਚੰਨੀ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਬੁਲਾਏ ਵਿਸ਼ੇਸ਼ ਇਜਲਾਸ ਵਿਚ ਆਪਣੀ 52 ਦਿਨਾਂ ਦੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦੇ ਰਹੇ। 'ਆਪ' ਦੇ ਕੁਲਤਾਰ ਸੰਧਵਾਂ ਨੇ ਡੀ.ਏ.ਪੀ. ਖਾਦ ਦੇ ਸੰਕਟ ਨੂੰ ਉਭਾਰਿਆ ਪਰ ਖੇਤੀ ਮੰਤਰੀ ਰਣਦੀਪ ਸਿੰਘ ਨਾਭਾ ਤਰਫੋਂ ਇਸ ਬਾਰੇ ਕਿਸੇ ਉਪਰਾਲੇ ਦਾ ਕੋਈ ਜ਼ਿਕਰ ਨਾ ਕੀਤਾ ਗਿਆ। ਮਹਿਜ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇੰਨਾ ਕਿਹਾ ਕਿ ਜਿਥੇ ਕਿਤੇ ਲੋੜ ਹੈ, ਉਥੇ ਖਾਦ ਭੇਜ ਦਿੰਦੇ ਹਾਂ। ਅਕਾਲੀ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਮੀਂਹ ਕਰਕੇ ਝੋਨੇ ਦੀ ਕਟਾਈ ਹਾਲੇ ਬਾਕੀ ਹੈ ਪਰ ਮੰਡੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਇਹੀ ਕਿਹਾ ਕਿ 'ਦਾਣਾ-ਦਾਣਾ ਚੁੱਕਾਂਗੇ।'



ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਮਤੇ 'ਤੇ ਬਹਿਸ ਤਾਂ ਹੋਈ ਪਰ ਵਿਰੋਧੀ ਧਿਰ ਦੀ ਮੰਗ ਦੇ ਬਾਵਜੂਦ ਸਰਕਾਰੀ ਧਿਰ ਨੇ ਉਨ੍ਹਾਂ ਨੌਕਰੀ ਹਾਸਲ ਕਰਨ ਵਾਲੇ ਕਿਸਾਨ ਪਰਿਵਾਰਾਂ ਦੇ ਵੇਰਵੇ ਨਸ਼ਰ ਨਹੀਂ ਕੀਤੇ, ਜਿਨ੍ਹਾਂ ਦੇ ਜੀਅ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਹਨ। ਕਰਜ਼ਾ ਮੁਆਫੀ ਦਾ ਮਾਮਲਾ ਅਤੇ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦਾ ਮਸਲਾ ਵੀ ਇਜਲਾਸ ਵਿਚ ਹੋਈ ਸਿਆਸੀ ਤਲਖਕਲਾਮੀ ਦੀ ਭੇਟ ਚੜ੍ਹ ਗਿਆ। ਕਿਸਾਨੀ ਦੀ ਮਦਦ ਲਈ ਉਠਾਏ ਜਾਣ ਵਾਲੇ ਕਦਮਾਂ ਦੀ ਸਰਕਾਰ ਨੇ ਕੋਈ ਚਰਚਾ ਨਹੀਂ ਕੀਤੀ। ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਕਾਰਨ ਨੁਕਸਾਨੀ ਫਸਲ ਤੇ ਮੁਆਵਜ਼ੇ ਦਾ ਮੁੱਦਾ ਕਿਸੇ ਨਹੀਂ ਉਭਾਰਿਆ।

ਹਾਕਮ ਧਿਰ ਤਰਫੋਂ ਸਸਤੀ ਬਿਜਲੀ, ਸਸਤਾ ਤੇਲ ਅਤੇ ਬਿਜਲੀ ਬਿੱਲਾਂ ਦੇ ਮੁਆਫ ਕੀਤੇ ਬਕਾਇਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਵਿਧਾਇਕ ਨਵਜੋਤ ਸਿੱਧੂ ਨੇ ਬਿਜਲੀ ਸਮਝੌਤਿਆਂ ਤੇ ਖੇਤੀ ਕਾਨੂੰਨਾਂ 'ਤੇ ਗੱਲ ਕੀਤੀ। ਉਨ੍ਹਾਂ ਸਦਨ ਤੋਂ ਬਾਹਰ ਪੰਜਾਬ ਦੀ ਆਰਥਿਕਤਾ 'ਤੇ ਚਿੰਤਾ ਪ੍ਰਗਟਾਈ ਪਰ ਸਦਨ ਦੇ ਅੰਦਰ ਆਮਦਨ ਦੇ ਵਸੀਲਿਆਂ ਬਾਰੇ ਕੋਈ ਗੱਲ ਨਹੀਂ ਤੁਰੀ। ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਕਿਹਾ ਕਿ ਸੈਸ਼ਨ ਛੋਟਾ ਹੈ, ਉਪਰੋਂ ਸੁਆਲ-ਜੁਆਬ ਦਾ ਸੈਸ਼ਨ ਹੀ ਖਤਮ ਕਰ ਦਿੱਤਾ ਗਿਆ। ਇਜਲਾਸ ਸਮਾਪਤੀ ਮੌਕੇ ਜਿਸ ਤਰ੍ਹਾਂ 15 ਬਿੱਲ ਕਾਹਲੀ ਵਿਚ ਪਾਸ ਕੀਤੇ ਗਏ, ਉਸ ਤੋਂ ਜਾਪਿਆ ਕਿ ਹਾਕਮ ਧਿਰ ਦਾ ਬਹਿਸ ਵਿਚ ਭਰੋਸਾ ਨਹੀਂ। ਸਿਰਫ ਪੰਜਾਬੀ ਭਾਸ਼ਾ ਨਾਲ ਸਬੰਧਤ ਬਿੱਲਾਂ 'ਤੇ ਥੋੜ੍ਹੀ ਚਰਚਾ ਜ਼ਰੂਰ ਹੋਈ। ਮੁੱਖ ਮੰਤਰੀ ਚੰਨੀ ਨੇ ਇਜਲਾਸ ਦੌਰਾਨ ਮਾਫੀਏ ਦੇ ਖਾਤਮੇ ਅਤੇ ਗੱਠਜੋੜ ਸਰਕਾਰ ਵੇਲੇ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਵਿਜੀਲੈਂਸ ਤੋਂ ਕਰਾਉਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਨਸ਼ਿਆਂ ਅਤੇ ਬੇਅਦਬੀ ਦੇ ਮੁੱਦੇ 'ਤੇ ਕਾਰਵਾਈ ਦਾ ਭਰੋਸਾ ਦਿੱਤਾ ਪਰ ਇਨ੍ਹਾਂ ਬਾਰੇ ਬਹਿਸ ਨਹੀਂ ਕਰਵਾਈ। ਹਾਕਮ ਧਿਰ ਨੇ ਬਿਜਲੀ ਸਮਝੌਤਿਆਂ ਦੀ ਥਾਂ ਬਿਜਲੀ ਦਰਾਂ ਨੂੰ ਹੀ ਖਾਰਜ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਏਨਾ ਛੋਟਾ ਸੈਸ਼ਨ ਰੱਖ ਕੇ ਵੀ ਸਰਕਾਰ ਨੇ ਪੰਜਾਬ ਦੇ ਲੋਕ ਮੁੱਦਿਆਂ 'ਤੇ ਚਰਚਾ ਕਰਨ ਤੋਂ ਗੁਰੇਜ਼ ਕੀਤਾ, ਜਿਸ ਕਰਕੇ ਪੰਜਾਬ ਦੀ ਜਵਾਨੀ ਤੇ ਕਿਸਾਨੀ 'ਤੇ ਢੁਕਵੀਂ ਗੱਲ ਨਹੀਂ ਹੋ ਸਕੀ।

'ਆਪ' ਦੇ ਵਿਧਾਇਕ ਅਮਨ ਅਰੋੜਾ ਨੇ ਪ੍ਰਤੀਕਰਮ ਦਿੱਤਾ ਕਿ ਕਾਂਗਰਸ ਸਰਕਾਰ ਨੇ ਇਜਲਾਸ ਨੂੰ ਆਪਣੇ ਸਿਆਸੀ ਗੁਣਗਾਣ ਲਈ ਵਰਤਿਆ। ਮੁੱਖ ਮੰਤਰੀ ਚੰਨੀ ਨੇ ਸਦਨ ਦੇ ਆਖਰੀ ਦਿਨ ਸ਼੍ਰੋਮਣੀ ਅਕਾਲੀ ਦਲ 'ਤੇ ਸਿਆਸੀ ਵਾਰ ਕਰਨ ਤੋਂ ਕੋਈ ਮੌਕਾ ਨਹੀਂ ਖੁੰਝਾਇਆ। 'ਆਪ' ਨੇ ਲੋਕ ਮੁੱਦੇ ਉਠਾ ਕੇ ਹਾਕਮ ਧਿਰ ਅਤੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ 'ਤੇ ਵੀ ਸਿਆਸੀ ਵਾਰ ਕੀਤੇ। ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਕਰਕੇ ਦਿੱਲੀ ਦੀ ਕੇਜਰੀਵਾਲ ਸਰਕਾਰ ਉਤੇ ਵੀ ਹੱਲੇ ਬੋਲੇ ਗਏ। ਸ਼੍ਰੋਮਣੀ ਅਕਾਲੀ ਦਲ ਨੇ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਉਣ ਖਿਲਾਫ ਮਤੇ ਪਾਏ ਤੇ ਬਹਿਸ ਦੌਰਾਨ ਹਾਕਮ ਧਿਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ।

## ਚਰਨਜੀਤ ਚੰਨੀ ਤੇ ਨਵਜੋਤ ਸਿੱਧੂ ਡਰਾਮੇਬਾਜ਼: ਸੁਖਬੀਰ



**ਬਨੂੜ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਡਰਾਮੇਬਾਜ਼ ਹਨ ਤੇ ਉਨ੍ਹਾਂ ਕੋਲ ਪੰਜਾਬ ਲਈ ਕੋਈ ਯੋਜਨਾ ਨਹੀਂ ਹੈ। ਸ੍ਰੀ ਬਾਦਲ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸ੍ਰੀ ਚੰਨੀ ਕੋਲ ਪੰਜਾਬ ਦੇ ਭਲੇ ਲਈ ਕੋਈ ਖਾਕਾ ਨਹੀਂ ਹੈ ਤੇ ਉਹ ਸਿਰਫ ਬਦਲੀਆਂ ਕਰਨ ਤੱਕ ਸੀਮਤ ਹਨ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿਚ ਕਾਂਗਰਸ ਵਿਰੋਧੀ ਲਹਿਰ ਚੱਲ ਰਹੀ ਹੈ ਤੇ ਇਸ ਵਾਰ ਕਾਂਗਰਸ ਦਸ-ਬਾਰ੍ਹਾਂ ਸੀਟਾਂ ਤੋਂ ਵੱਧ ਨਹੀਂ ਜਿੱਤ ਸਕੇਗੀ।

# ਵਿਧਾਨ ਸਭਾ ਵਿਚ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਮੁੜ ਮਤਾ ਪਾਸ ਕੀਤਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਨੂੰ ਮੁੜ ਮੂਲੋਂ ਰੱਦ ਕਰਨ ਲਈ ਰੌਲੇ ਰੱਪੇ ਦੌਰਾਨ ਮਤਾ ਪਾਸ ਕਰ ਦਿੱਤਾ ਹੈ। ਹਾਕਮ ਧਿਰ ਨੇ ਇਸ ਮਤੇ ਬਹਾਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਦਕਿ ਵਿਰੋਧੀ ਧਿਰਾਂ ਨੇ ਕੇਂਦਰੀ ਖੇਤੀ ਕਾਨੂੰਨਾਂ ਵਿਚ ਹਾਕਮ ਧਿਰ ਦੀ ਭੂਮਿਕਾ ਖਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।

ਇਸ ਮਤੇ 'ਤੇ ਬਹਿਸ ਦੌਰਾਨ ਹਾਕਮ ਤੇ ਵਿਰੋਧੀ ਧਿਰਾਂ ਵਿਚਾਲੇ ਜ਼ੋਰਦਾਰ ਬਹਿਸ ਵੀ ਹੋਈ। ਖੇਤੀਬਾੜੀ ਮੰਤਰੀ ਰਣਦੀਪ ਸਿੰਘ ਨਾਭਾ ਨੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਸਦਨ ਵਿਚ ਮਤਾ ਪੇਸ਼ ਕੀਤਾ। ਖੇਤੀ ਮੰਤਰੀ ਨੇ ਇਸ ਮੌਕੇ ਕਿਸਾਨੀ ਹਿੱਤਾਂ ਦੀ ਰਾਖੀ ਲਈ ਤਿੰਨੋਂ ਖੇਤੀ ਕਾਨੂੰਨ ਰੱਦ ਕੀਤੇ ਜਾਣ ਦੀ ਮੰਗ ਕੀਤੀ। ਮੁੱਖ ਮੰਤਰੀ ਚੰਨੀ ਨੇ ਖੇਤੀ ਕਾਨੂੰਨਾਂ ਦੇ ਖਤਰਨਾਕ ਪਹਿਲੂ ਤੋਂ ਜਾਣੂ ਕਰਾਇਆ। ਖੇਤੀ ਕਾਨੂੰਨਾਂ 'ਤੇ ਮੁੱਖ ਬੁਲਾਰੇ ਵਜੋਂ ਨਵਜੋਤ ਸਿੱਧੂ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਕਿਸਾਨ ਪੱਖੀ ਕਦਮ ਚੁੱਕੇ ਅਤੇ ਉਨ੍ਹਾਂ ਉਚੇਚੇ ਤੌਰ 'ਤੇ ਐਮ.ਐਸ.ਪੀ, ਪੀ.ਡੀ.ਐਸ, ਫੂਡ ਸਕਿਉਰਿਟੀ ਐਕਟ ਆਦਿ ਨੂੰ ਕਾਂਗਰਸ ਦੀ ਦੇਣ ਦੱਸਿਆ।

ਨਵਜੋਤ ਸਿੱਧੂ ਨੇ ਕਿਹਾ ਕਿ ਸਾਬਕਾ ਗੱਠਜੋੜ ਸਰਕਾਰ ਵੱਲੋਂ ਜੋ ਕੰਟਰੈਕਟ ਫਾਰਮਿੰਗ ਐਕਟ 2013 ਬਣਾਇਆ ਗਿਆ ਸੀ, ਉਸ ਦੀ ਹੂਬਹੂ ਕਾਪੀ ਹੀ ਕੇਂਦਰੀ ਖੇਤੀ ਕਾਨੂੰਨ ਹਨ। ਇਸ ਮੌਕੇ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਐਕਟ ਦੇ ਪਾਸ ਹੋਣ ਵੇਲੇ ਡਾ. ਨਵਜੋਤ ਕੌਰ ਸਿੱਧੂ ਵੀ ਹਾਜ਼ਰ ਸੀ। ਇਸ ਮੌਕੇ ਨਵਜੋਤ ਸਿੱਧੂ ਅਤੇ ਬਿਕਰਮ ਮਜੀਠੀਆ ਵਿਚ ਕਾਫੀ ਤਲਖ ਬਹਿਸ ਹੋਈ। ਉਨ੍ਹਾਂ ਮੋੜਵੇਂ ਜੁਆਬ 'ਚ ਕਿਹਾ ਕਿ ਕਾਂਗਰਸ ਨੇ ਉਸ ਵਕਤ ਵਾਕਆਊਟ ਕੀਤਾ ਸੀ। ਸਿੱਧੂ ਨੇ ਕਿਹਾ ਕਿ ਪੰਥ ਦੇ ਨਾਂ 'ਤੇ ਰਾਜ ਕਰਨ ਵਾਲੇ ਗੁਰੂ ਦੇ ਦੋਖੀ ਹਨ।

ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਬਹਿਸ ਦੌਰਾਨ ਕਿਹਾ ਕਿ ਖੇਤੀ ਕਾਨੂੰਨਾਂ ਦੇ ਆਰਡੀਨੈਂਸ ਆਉਣ ਤੋਂ ਲੈ ਕੇ ਕਾਨੂੰਨ ਬਣਨ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਨੇ ਡਟ ਕੇ ਭਾਜਪਾ ਸਰਕਾਰ ਦਾ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਕਾਂਗਰਸ ਸਰਕਾਰ ਵੀ ਕੇਂਦਰੀ ਸਰਕਾਰ ਵੱਲੋਂ ਇਨ੍ਹਾਂ ਕਾਨੂੰਨਾਂ ਤੋਂ ਪਹਿਲਾਂ ਬਣਾਈ ਉੱਚ ਪੱਧਰੀ ਕਮੇਟੀ ਵਿਚ ਪੰਜਾਬ ਦੇ ਹਿੱਤ ਵੇਚ ਆਈ ਸੀ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਜੋ ਕਮੇਟੀ ਦੀ ਮੀਟਿੰਗ ਵਿਚ ਹਿੱਸਾ ਲੈ ਕੇ ਆਏ ਸਨ, ਨੇ ਵੀ ਕਮੇਟੀ ਦੀ ਕਾਰਵਾਈ ਲੋਕਾਂ ਅੱਗੇ ਨਹੀਂ ਰੱਖੀ। ਵਿੱਤ ਮੰਤਰੀ ਬਾਦਲ ਨੇ ਉਚ ਪੱਧਰੀ ਕਮੇਟੀ ਵਿਚ ਰੱਖੇ ਆਪਣੇ ਪੱਖ ਤੋਂ ਵਿਰੋਧੀ ਧਿਰ ਨੂੰ ਜਾਣੂ ਕਰਾਇਆ ਤੇ ਲਿਖਤੀ ਰਿਕਾਰਡ ਮੰਗ ਕਰਨ 'ਤੇ ਹਰਪਾਲ ਚੀਮਾ ਨੂੰ ਸੌਂਪ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਸੁਆਲ ਕੀਤਾ ਕਿ ਸੰਸਦ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਨੂੰ ਕੀ ਵਿਧਾਨ ਸਭਾ ਰੱਦ ਕਰ ਸਕਦੀ ਹੈ? ਵਡਾਲਾ ਨੇ ਕਿਹਾ ਕਿ ਅਮਰਿੰਦਰ ਸਿੰਘ ਜੋ ਹੁਣ ਅਮਿਤ ਸ਼ਾਹ ਨੂੰ ਮਿਲ ਰਹੇ ਹਨ ਤੇ ਉਨ੍ਹਾਂ ਪਹਿਲਾਂ ਖੇਤੀ ਕਾਨੂੰਨ ਰੱਦ ਕਰਾਉਣ ਲਈ ਅਜਿਹੀ ਮਿਲਣੀ ਕਿਉਂ ਨਹੀਂ ਕੀਤੀ। ਸਰਕਾਰ ਨੇ ਵੀ ਸਾਢੇ ਚਾਰ ਸਾਲ ਕੁਝ ਨਹੀਂ ਕੀਤਾ ਅਤੇ ਹੁਣ ਕਾਂਗਰਸ ਸਰਕਾਰ ਕਿਸਾਨੀ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾ ਰਹੀ ਹੈ।

## ਬਸਪਾ ਵੱਲੋਂ ਦੂਜੀ ਵਾਰ ਮਤਾ ਪਾਸ ਕਰਨ ਦੀ ਨਿਖੇਧੀ

**ਜਲੰਧਰ:** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਦੂਜੀ ਵਾਰ ਮਤਾ ਪਾਸ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਜਦੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕੇਂਦਰ ਦੇ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਲਈ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਗਿਆ ਸੀ ਤਾਂ ਦੂਜੀ ਵਾਰ ਫਿਰ ਤੋਂ ਕਾਂਗਰਸ ਸਰਕਾਰ ਨੂੰ ਇਨ੍ਹਾਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਤਾ ਪਾਸ ਕਰਨ ਦੀ ਕੀ ਲੋੜ ਸੀ? ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਸਵਾਲ ਪੁੱਛਿਆ ਕਿ ਕੀ ਕਾਂਗਰਸ ਸਰਕਾਰ ਕੋਲ ਸੰਵਿਧਾਨ 'ਚ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ, ਜੋ ਸਰਕਾਰ ਦੇ ਦੋ ਵਾਰ ਮਤਾ ਪਾਸ ਕਰਨ ਨਾਲ ਕੇਂਦਰ ਦੇ ਖੇਤੀਬਾੜੀ ਕਾਨੂੰਨ ਰੱਦ ਹੋ ਜਾਣਗੇ?

# ਕੇਂਦਰ ਦੇ ਬੀ.ਐਸ.ਐਫ. ਦੇ ਦਾਇਰੇ ਵਾਲੇ ਫੈਸਲੇ ਖਿਲਾਫ ਇਕਜੁਟਤਾ ਦਿਖਾਈ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦੇ ਪੰਜਾਬ ਵਿਚ ਕੌਮਾਂਤਰੀ ਸੀਮਾ 'ਤੇ ਵਧਾਏ ਅਧਿਕਾਰ ਖੇਤਰ ਵਿਰੁੱਧ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ। ਮਤੇ 'ਤੇ ਬਹਿਸ ਦੌਰਾਨ ਹਾਕਮ ਧਿਰ ਤੇ ਵਿਰੋਧੀ ਧਿਰਾਂ ਨੇ ਕੇਂਦਰ ਦੇ ਇਸ ਫੈਸਲੇ ਨੂੰ ਸੰਘੀ ਢਾਂਚੇ 'ਤੇ ਸਿੱਧਾ ਹਮਲਾ ਦੱਸਿਆ।

ਵਿਰੋਧੀ ਧਿਰਾਂ ਨੇ ਕੇਂਦਰ ਦੇ ਇਸ ਫੈਸਲੇ ਬਾਰੇ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮਿਲਣੀ 'ਤੇ ਉਂਗਲ ਚੁੱਕੀ ਤੇ ਦੂਜੇ ਪਾਸੇ ਮੁੱਖ ਮੰਤਰੀ ਨੇ ਬਹਿਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਕਰਾਰੇ ਹੱਥੀਂ ਲਿਆ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰ ਦੇ ਫੈਸਲੇ ਖਿਲਾਫ ਸਦਨ ਵਿਚ ਮਤਾ ਪੇਸ਼ ਕੀਤਾ ਤੇ ਕਰੀਬ ਡੇਢ ਘੰਟੇ ਦੀ ਬਹਿਸ ਮਗਰੋਂ ਸਦਨ ਨੇ ਸਰਬਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ। ਰੰਧਾਵਾ ਨੇ ਬਹਿਸ ਦੌਰਾਨ ਕਿਹਾ ਕਿ ਜਦੋਂ 2011 ਵਿਚ ਬੀ.ਐਸ.ਐਫ. ਦੇ ਦਾਇਰੇ ਵਿਚ ਵਾਧੇ ਦੀ ਗੱਲ ਚੱਲੀ ਸੀ ਤਾਂ ਉਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਪੱਤਰ ਲਿਖ ਕੇ ਇਸ ਦਾ ਵਿਰੋਧ ਕੀਤਾ ਸੀ ਪਰ ਸ਼੍ਰੋਮਣੀ ਅਕਾਲੀ ਦਲ ਉਦੋਂ ਚੁੱਪ ਰਿਹਾ। ਉਨ੍ਹਾਂ ਕਿਹਾ ਕਿ ਉਹ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਵੀ ਜਾਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਇਸ ਮਤੇ ਨੂੰ ਪਹਿਲਾਂ ਕੈਬਨਿਟ ਵਿਚ ਲਿਆਉਣ ਲਈ ਕਿਹਾ ਅਤੇ ਕਿਹਾ ਕਿ ਕਾਂਗਰਸ ਸਰਕਾਰ ਤਾਂ ਖੁਦ ਜੇਲ੍ਹਾਂ ਵਿਚ ਬੀ.ਐਸ.ਐਫ. ਤਾਇਨਾਤ ਕਰ ਰਹੀ ਹੈ। ਇਸ ਦੇ ਜਵਾਬ ਵਿਚ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਕਿਹਾ ਕਿ ਅਕਾਲੀ ਦਲ ਸੱਤਾ ਤੋਂ ਬਾਹਰ ਹੋਣ ਮਗਰੋਂ ਸੂਬਿਆਂ ਨੂੰ ਵਧੇਰੇ ਹੱਕ ਦੇਣ, ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਵਰਗੇ ਪੰਜਾਬ ਦੇ ਅਹਿਮ ਮੁੱਦਿਆਂ ਨੂੰ ਹਮੇਸ਼ਾ ਸਿਆਸੀ ਨਜ਼ਰੀਏ ਤੋਂ ਦੇਖਣਾ ਸ਼ੁਰੂ ਕਰ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਅਕਾਲੀ ਦਲ ਇਕ ਜ਼ਰੀਆ ਹੈ ਜਿਸ ਰਾਹੀਂ ਆਰ.ਐਸ.ਐਸ. ਸੂਬੇ ਵਿਚ ਆਪਣੀ ਪਕੜ ਬਣਾਉਣ 'ਚ ਕਾਮਯਾਬ ਹੋਇਆ। ਚੰਨੀ ਨੇ ਕਿਹਾ ਕਿ ਜਦੋਂ ਭਾਜਪਾ ਨੇ ਧਾਰਾ 370 ਰੱਦ ਕੀਤੀ ਤੇ ਸੰਘੀ ਢਾਂਚੇ ਨੂੰ ਸਿੱਧੀ ਢਾਹ ਲਾਈ ਤਾਂ ਉਦੋਂ ਵਿਰੋਧ ਕਰਨ ਦੀ ਥਾਂ ਅਕਾਲੀਆਂ ਨੇ ਇਸ ਫੈਸਲੇ 'ਤੇ ਮੋਹਰ ਲਾਈ। ਉਨ੍ਹਾਂ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਅਤੇ ਆਰ.ਐਸ.ਐਸ. ਦੇ ਹੱਥਾਂ 'ਚ ਨਾ ਖੇਡਦਾ ਤਾਂ ਅੱਜ ਭਾਜਪਾ ਸਰਕਾਰ ਦੀ ਜੁਰਅਤ ਨਹੀਂ ਪੈਣੀ ਸੀ ਕਿ ਉਹ ਬੀ.ਐਸ.ਐਫ. ਦਾ ਦਾਇਰਾ ਵਧਾਉਂਦੀ। ਕੇਂਦਰ ਦੀ ਸੂਬਿਆਂ ਖਿਲਾਫ ਸਾਜ਼ਿਸ਼ ਵਿਚ ਅਕਾਲੀ ਦਲ ਭਾਗੀਦਾਰ ਬਣਿਆ ਰਿਹਾ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮਿਲਣੀ ਨੂੰ ਸ਼ਿਸ਼ਟਾਚਾਰ ਦਾ ਹਿੱਸਾ ਦੱਸਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਨ੍ਹਾਂ ਮੀਟਿੰਗਾਂ ਵਿਚ ਕੇਂਦਰ ਸਰਕਾਰ ਨੂੰ ਪੱਤਰ ਦੇ ਕੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ 'ਤੇ ਜ਼ੋਰ ਦਿੱਤਾ ਅਤੇ ਇਸ ਦੇ ਨਾਲ-ਨਾਲ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਹਮੇਸ਼ਾ ਇਹ ਸਟੈਂਡ ਲਿਆ ਹੈ ਕਿ ਕੌਮਾਂਤਰੀ ਸਰਹੱਦਾਂ ਨੂੰ ਸੀਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਨਸ਼ੇ ਪੰਜਾਬ ਵਿਚ ਦਾਖਲ ਨਾ ਹੋ ਸਕਣ। ਉਨ੍ਹਾਂ ਅਕਾਲੀ ਦਲ ਦੇ ਮੈਂਬਰਾਂ ਵੱਲ ਹੱਥ ਕਰਕੇ ਕਿਹਾ, 'ਤੁਸੀਂ ਚਾਹੁੰਦੇ ਹੋ ਕਿ ਨਸ਼ਾ ਆਈ ਜਾਵੇ।' ਅਕਾਲੀ ਮੈਂਬਰਾਂ ਨੇ ਇਸ ਮੌਕੇ ਹੰਗਾਮਾ ਵੀ ਕੀਤਾ। 'ਆਪ' ਵਿਧਾਇਕ ਕੰਵਰ ਸੰਧੂ ਨੇ ਮਸ਼ਵਰਾ ਦਿੱਤਾ ਸੀ ਕਿ 1968 ਵਿਚ ਬਣੇ ਐਕਟ ਦੀ ਧਾਰਾ 139 ਤਹਿਤ ਬੀ.ਐਸ.ਐਫ. ਦੇ ਘੇਰੇ 'ਚ ਵਾਧਾ ਜਾਂ ਕਟੌਤੀ ਹੋਣ ਦੀ ਵਿਵਸਥਾ ਕੀਤੀ ਗਈ ਪਰ ਉਸ ਵੇਲੇ ਇਸ ਧਾਰਾ 'ਚ ਇਹ ਸ਼ਾਮਲ ਨਹੀਂ ਕੀਤਾ ਕਿ ਇਹ ਸਭ ਕੁਝ ਸੂਬਿਆਂ ਦੀ ਸਹਿਮਤੀ ਨਾਲ ਹੋਵੇ। 'ਆਪ' ਦੇ ਅਮਨ ਅਰੋੜਾ ਨੇ ਮੁੱਖ ਮੰਤਰੀ 'ਤੇ ਉਂਗਲ ਉਠਾਈ ਕਿ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਵਾਧੇ ਤੋਂ ਪਹਿਲਾਂ ਚੰਨੀ ਹੀ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇ ਸਨ।

ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਮਰਿੰਦਰ ਸਿੰਘ ਦੀ ਭਾਜਪਾ ਸਰਕਾਰ ਨਾਲ ਡੀਲ ਤਾਂ ਸਮਝ ਪੈਂਦੀ ਹੈ ਪਰ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਵਾਧੇ ਨੂੰ ਲੈ ਕੇ ਮੁੱਖ ਮੰਤਰੀ ਚੰਨੀ ਦਾ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨਾਲ ਕਿਹੜਾ ਸੌਦਾ ਹੋਇਆ ਹੈ, ਉਸ ਸਾਹਮਣੇ ਆਉਣਾ ਚਾਹੀਦਾ ਹੈ। ਚੀਮਾ ਨੇ ਕਿਹਾ ਕਿ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬਤੌਰ ਜੇਲ੍ਹ ਮੰਤਰੀ ਖੁਦ ਜੇਲ੍ਹਾਂ ਦੀ ਸੁਰੱਖਿਆ ਬੀ.ਐਸ.ਐਫ. ਹਵਾਲੇ ਕੀਤੀ ਸੀ।

## ਕਾਂਗਰਸ ਦੇ ਮਤੇ ਦਾ ਭਾਜਪਾ ਵੱਲੋਂ ਵਿਰੋਧ

**ਅੰਮ੍ਰਿਤਸਰ:** ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਪੰਜਾਬ ਸਰਕਾਰ ਵੱਲੋਂ ਬੀ.ਐਸ.ਐਫ. ਦੇ ਅਧਿਕਾਰ ਖੇਤਰ ਦਾ ਘੇਰਾ ਵਧਾਉਣ ਖਿਲਾਫ ਪਾਸ ਕੀਤੇ ਮਤੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਸੂਬੇ ਦੀ ਸਮੁੱਚੀ ਸਰਹੱਦ ਪਾਕਿਸਤਾਨ ਦੇ ਨਾਲ ਲੱਗਦੀ ਹੈ, ਜਿਸ ਵੱਲੋਂ ਅਤਿਵਾਦ ਨੂੰ ਉਤਸ਼ਾਹਤ ਕਰਨ ਲਈ ਸਰਹੱਦ ਪਾਰੋਂ ਹਥਿਆਰ ਤੇ ਨਸ਼ੇ ਤਸਕਰੀ ਰਾਹੀਂ ਭਾਰਤ ਵਿਚ ਭੇਜੇ ਜਾ ਰਹੇ ਹਨ। ਦੇਸ਼ ਦੀ ਸੁਰਖਿਆ ਨੂੰ ਧਿਆਨ ਵਿਚ ਰੱਖ ਕੇ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਅਧਿਕਾਰ ਖੇਤਰ 15 ਤੋਂ ਵਧਾ ਕੇ 50 ਕਿਲੋਮੀਟਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੀ ਪੰਜਾਬ ਸਰਕਾਰ ਦੇਸ਼ ਦੀ ਸੁਰੱਖਿਆ ਨੂੰ ਅਹਿਮੀਅਤ ਨਹੀਂ ਦਿੰਦੀ।

## ਪੁਲਿਸ ਵਾਂਗ ਬੀ.ਐਸ.ਐਫ. ਵੀ ਸਾਡੀ ਆਪਣੀ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵੱਲੋਂ ਬੀ.ਐਸ.ਐਫ. ਬਾਰੇ ਪਾਸ ਕੀਤੇ ਮਤੇ ਦੇ ਮੱਦੇਨਜ਼ਰ ਟਵੀਟ ਕੀਤਾ ਕਿ ਇਹ ਕੌਮੀ ਸੁਰੱਖਿਆ ਦਾ ਮਾਮਲਾ ਹੈ ਤੇ ਇਸ 'ਤੇ ਸਿਆਸਤ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੀ.ਐਸ.ਐਫ. ਦੇ ਅਧਿਕਾਰ ਖੇਤਰ ਨੂੰ ਵਧਾਉਣਾ ਦੇਸ਼ ਦੇ ਸੰਘੀ ਢਾਂਚੇ ਦੀ ਉਲੰਘਣਾ ਨਹੀਂ ਹੈ ਅਤੇ ਪੰਜਾਬ ਪੁਲਿਸ ਵਾਂਗ ਹੀ ਬੀ.ਐਸ.ਐਫ. ਵੀ ਸਾਡੀ ਆਪਣੀ ਫੋਰਸ ਹੈ। ਬਦਕਿਸਮਤੀ ਹੈ ਕਿ ਇਸ ਮਾਮਲੇ 'ਤੇ ਸਿਆਸਤ ਕਰਨ ਵਾਲੇ ਕਾਨੂੰਨ ਵਿਵਸਥਾ ਅਤੇ ਕੌਮੀ ਸੁਰੱਖਿਆ ਵਿਚਲੇ ਫਰਕ ਨਹੀਂ ਸਮਝ ਰਹੇ।

# ਗੁਰਦੁਆਰਾ ਇਲੀਨਾਏ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

## ਜਗਤ ਜਲੰਦੇ ਨੂੰ ਤਾਰਨ ਲਈ,ਵਹਿਮਾਂ-ਭਰਮਾਂ 'ਚੋਂ ਕੱਢ ਕੇ ਸੱਚ ਦਾ ਹੋਕਾ ਦੇ ਕੇ ਜਗਾਉਣ ਆਈ ਨਿਰੰਕਾਰੀ ਜੋਤ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ



ਸਾਧ ਸੰਗਤ ਜੀ,
ਇਸ ਵਾਰ ਗੁਰਪੁਰਬ ਦਾ ਦਿਹਾੜਾ 19 ਨਵੰਬਰ, ਦਿਨ ਸ਼ੁਕਰਵਾਰ ਨੂੰ ਹੈ, ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਪਰਉਪਕਾਰਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀਆਂ ਅਸੀਸਾਂ ਲੈਣ ਲਈ ਵੱਧ ਤੋਂ ਵੱਧ ਗਿਣਤੀ ਵਿਚ ਗੁਰੂ ਘਰ ਵਿਖੇ ਹਾਜ਼ਰੀ ਭਰੋ ਜੀ

ਮਹਾਮਾਰੀ ਕੋਵਿਡ-19 ਕਰੋਨਾ ਦੇ ਚਲਦਿਆਂ ਗੁਰੂ ਘਰ ਨੂੰ ਆਪ ਜੀ ਵਲੋਂ ਮਾਇਕ ਸੇਵਾ ਦੀ ਅਤਿ ਜ਼ਰੂਰਤ ਹੈ।
ਕ੍ਰਿਪਾ ਕਰਕੇ ਵੱਧ ਤੋਂ ਵੱਧ ਸਹਿਯੋਗ ਦੇ ਕੇ ਗੁਰੂ ਨਾਨਕ ਪਾਤਸ਼ਾਹ ਦੀ ਅਸੀਸ ਦੇ ਪਾਤਰ ਬਣੋ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਅਤੇ ਚਾਹ ਪਾਣੀ ਦੀ ਸੇਵਾ ਨਾਲ-ਨਾਲ ਨਿਰੰਤਰ ਚੱਲਦੀ ਰਹੇਗੀ।

## ਪ੍ਰੋਗਰਾਮਾਂ ਦਾ ਵੇਰਵਾ

**17 ਨਵੰਬਰ, ਬੁਧਵਾਰ ਸ਼ਾਮ 6:30 ਵਜੇ ਰਹਿਰਾਸ ਸਾਹਿਬ**
ਕੀਰਤਨ ਭਾਈ ਜਗਤ ਸਿੰਘ 7:00 ਤੋਂ 8:00 ਵਜੇ ਤਕ

**19 ਨਵੰਬਰ, ਸ਼ੁਕਰਵਾਰ ਸ਼ਾਮ**
ਕੀਰਤਨ ਤੇ ਗੁਰਮਤਿ ਵਿਚਾਰ ਭਾਈ ਭਾਈ ਜਗਤ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਮਹਿੰਦਰ ਸਿੰਘ ਅਤੇ ਭਾਈ ਬਿਕਰਮ ਸਿੰਘ
6:30 ਤੋਂ 8:30 ਵਜੇ ਤਕ

**21 ਨਵੰਬਰ, ਐਤਵਾਰ**
ਰੈਗੂਲਰ ਦੀਵਾਨ ਸਵੇਰੇ 9:00 ਤੋਂ 1:00 ਵਜੇ ਤਕ
ਬੱਚਿਆਂ ਦਾ ਕੀਰਤਨ: ਸਵੇਰੇ 9 ਤੋਂ 10 ਵਜੇ ਤਕ
ਸਹਿਜ ਪਾਠ ਦੀ ਸੰਪੂਰਨਤਾ ਤੇ ਭੋਗ 10:00 ਵਜੇ
ਕੀਰਤਨ ਭਾਈ ਗੁਰਵਿੰਦਰ ਸਿੰਘ 10:20 ਤੋਂ 11:00 ਵਜੇ ਤਕ
ਕੀਰਤਨ ਭਾਈ ਜਗਤ ਸਿੰਘ 11:00 ਤੋਂ 12:00 ਵਜੇ ਤਕ
ਕੀਰਤਨ ਭਾਈ ਮਹਿੰਦਰ ਸਿੰਘ ਜੀ ਤੇ ਭਾਈ ਵਿਕਰਮ ਸਿੰਘ ਜੀ
ਦੁਪਹਿਰ 12:00 ਤੋਂ 1:00 ਵਜੇ ਤਕ

ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਜਗਤ ਸਿੰਘ ਜੀ ਦਿੱਲੀ ਵਾਲੇ ਵਿਸ਼ੇਸ਼ ਤੌਰ 'ਤੇ ਬੁੱਧਵਾਰ 17 ਨਵੰਬਰ ਤੋਂ ਐਤਵਾਰ 21 ਨਵੰਬਰ ਤਕ ਦੀਵਾਨਾਂ ਵਿਚ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

## ਬੇਨਤੀ ਕਰਤਾ: ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਵ੍ਹੀਟਨ

# ILLINOIS SIKH COMMUNITY CENTER

2131 Creekside Drive, Wheaton, IL 60189, Ph: 630.510.9700
www.ilscc.com e-mail: ilsccwheaton@gmail.com

# Gurdwara Singh Sabha Richardson

*1201 Abrams Rd. Richardson, Tx 75081*

## ਜਗਤ ਜਲੰਦੇ ਨੂੰ ਤਾਰਨ ਲਈ, ਵਹਿਮਾਂ-ਭਰਮਾਂ 'ਚੋਂ ਕੱਢ ਕੇ ਸੱਚ ਤੇ ਹੱਕ ਦਾ ਹੋਕਾ ਦੇ ਕੇ ਜਗਾਉਣ ਆਈ ਨਿਰੰਕਾਰੀ ਜੋਤ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ 552ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

**19-20 ਤੇ 21 ਨਵੰਬਰ ਸ਼ੁਕਰਵਾਰ, ਸ਼ਨੀਵਾਰ ਤੇ ਐਤਵਾਰ**

### ਪ੍ਰੋਗਰਾਮ:

19 ਨਵੰਬਰ, ਸ਼ੁਕਰਵਾਰ:
ਅਰੰਭ ਸ੍ਰੀ ਅਖੰਡ ਪਾਠ ਸਾਹਿਬ 10:00 ਵਜੇ
ਕੀਰਤਨ: ਸ਼ਾਮ 6:30 ਤੋਂ 8:30 ਵਜੇ ਤਕ
21 ਨਵੰਬਰ, ਐਤਵਾਰ:
ਭੋਗ ਸ੍ਰੀ ਅਖੰਡ ਪਾਠ ਸਾਹਿਬ 10:00 ਵਜੇ
ਕੀਰਤਨ: ਸਵੇਰੇ 11:00 ਤੋਂ 12:45 ਵਜੇ ਤਕ
ਕਵੀਸ਼ਰੀ ਜਥੇ ਵਾਰਾਂ ਗਾਉਣਗੇ


ਐਤਵਾਰ ਦੇ ਦੀਵਾਨ ਵਿਚ ਕੀਰਤਨ ਉਪਰੰਤ ਵੱਖ-ਵੱਖ ਬੁਲਾਰਿਆਂ ਵਲੋਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ, ਮਨੁੱਖੀ ਭਾਈਚਾਰਕ ਏਕਤਾ, ਭਗਤੀ ਅਤੇ ਨਿਡਰਤਾ ਦਾ ਹੋਕਾ 'ਤੇ ਵਿਸ਼ੇਸ਼ ਚਰਚਾ ਕੀਤੀ ਜਾਵੇਗੀ।

ਗੁਰਬਾਣੀ ਕੀਰਤਨ : ਹਜ਼ੂਰੀ ਰਾਗੀ ਜਥਾ ਭਾਈ ਗੁਰਬਚਨ ਸਿੰਘ ਸ੍ਰੀਗੰਗਾਨਗਰ ਵਾਲੇ

**ਅਖੰਡ ਪਾਠ ਅਤੇ ਲੰਗਰ ਦੀ ਸੇਵਾ ਭਾਈ ਗੁਰਮੇਲ ਸਿੰਘ ਸੂਚ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ**

19 ਅਤੇ 21 ਨਵੰਬਰ ਨੂੰ ਖਾਲਸਾ ਸਕੂਲ ਦੇ ਬੱਚੇ ਕੀਰਤਨ ਕਰਨਗੇ

**FOR MORE INFORMATION CONTACT: 972-235-3388**


Sikh Temple Of North Texas
506 Gatewood Dr. Garland , TX 75043 (972) 240-5348
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਆਪ ਸਭ ਸੰਗਤ ਨੂੰ ਬੇਨਤੀ ਹੈ, ਗੁਰੂ ਘਰ ਵਿਖੇ
ਹਾਜਰੀਆਂ ਭਰ ਕੇ, ਜਨਮ ਸਫਲਾ ਬਨਾਉ ਜੀ ।
PRAKASH GURPURAB
GURU NANAK DEV JI
Program details : 2021
Friday Diwan by Students of
Sikh Temple Academy, Garland
Friday Nov 19th
6:00 PM - 8:00 PM
followed by Guru Ka Langar
Special Evening Kirtan Diwan
Saturday Nov 20th
5:30 PM - 8:30 PM
followed by Guru Ka Langar
Akhand Paath
Arambh: Friday Nov 19th 9:30am
Bhog: Sunday Nov 21st 9:30am
Parkarma &
Nishan Sahib Seva
Sunday Nov 21st 10:00am
Gurpurab Kirtan Diwan
Sunday Nov 21st 11:00 am-1:00 pm
followed by Guru Ka Langar

ੴ ਸਤਿਗੁਰ ਪ੍ਰਸਾਦਿ

AKAL TRUCKING LLC | OAK CREEK, WI

3039 W 6 1/2 Mile Rd., Caledonia, WI 53108, United States

DISPATCHERS
Swaran Singh
Sukhi Singh
Jasbir Singh
Amitoj Singh
Bikramjit Singh



ACCOUNTING
Karaka Singh
Anpreet Kaur
Anubhi
Sanhotra
Gurpreet Singh
HR
Navneet Saran

ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

ਪ੍ਰਥਮ ਪਾਤਿਸ਼ਾਹੀ, ਜਗਤ ਗੁਰੂ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
552ਵੇਂ ਪ੍ਰਕਾਸ਼ ਪੂਰਬ ਦੀ ਸਮੂਹ ਸੰਗਤਾਂ ਨੂੰ

ਕੋਟਾਨਿ ਕੋਟਿ ਵਧਾਈ



ਅਕਾਲ ਟਰੱਕਿੰਗ ਦੀ ਸਾਰੀ ਟੀਮ ਵਲੋਂ ਟੀਮ ਮੈਂਬਰ ਹਰਸਿਮਰਨ ਸਿੰਘ, ਜੋ ਲੰਘੀ 7 ਅਕਤੂਬਰ ਨੂੰ ਹਾਦਸੇ ਦਾ ਸ਼ਿਕਾਰ ਹੋ ਗਏ ਸਨ, ਦੀ ਸਿਹਤਯਾਬੀ ਲਈ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਹੈ ਕਿ ਉਹ ਜਲਦੀ ਸਿਹਤਯਾਬ ਹੋ ਜਾਣ। ਗੁਰੂ ਸਾਹਿਬ ਹਰਸਿਮਰਨ 'ਤੇ ਮਿਹਰ ਕਰਨ ਤੇ ਉਹ ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ।

*AKAL TRUCKING FAMILY*

Abhilaksh Loomba, Amritpal Singh, Arjan Singh, Daljit Brar, Danyal Umar, Gaurav Kapoor, Gurdeep Singh, Gurkirat Singh, Gurmeet Singh, Gurpreet Singh, Gurveer Singh, Harinder Brar, Harjeet Singh, Harjinder Khangura, Harjot, Harpreet Singh, Jaspal Singh, Jasvir Singh, Kamran John, Kanwar Singh, Kuldeep Singh, Kuljit Singh, Lovepreet Singh, Mandeep Singh, Manjeet Singh, Manpreet Singh, Mohsin Sardar, Param Singh, Paramjit Singh, Rajpreet Singh, Saira John, Sandeep Singh, Satnam Singh, Sukhi Singh, Surinder Singh

**New Drivers**
Starting at .50¢ /Per Mile + .1-.7¢ /Per Mile Good Service

**2+ Years Experienced Drivers**
Starting at .55¢ /Per Miles + .7-.10¢ /Per Mile Good Service

Hiring Drivers Summer 2021
WWW.AKALLTRUCKING.COM PH: 414-750-8616